ਮਾਪਿਆਂ ਦਾ ਬੱਚਿਆਂ ਸੰਬੰਧਿਤ ਪ੍ਰਬੰਧ ਅਤੇ ਕੋਵਿਡ -19

ਮੇਰੇ ਬੱਚਿਆਂ ਦੇ ਕਿਹੜੇ ਅਧਿਕਾਰ ਹਨ?

ਫੈਮਲੀ ਲਾਅ ਐਕਟ ਦੇ ਤਹਿਤ ਬੱਚਿਆਂ ਦਾ ਆਪਣੇ ਹਰੇਕ ਮਾਪਿਆਂ ਨਾਲ ਮਹੱਤਵਪੂਰਣ ਅਤੇ ਸਾਰਥਕ ਸੰਬੰਧ ਬਣਾਉਣ ਦਾ ਅਧਿਕਾਰ ਹੈ। ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਇਸਦਾ ਕੀ ਅਰਥ ਹੈ ਇਹ ਤੁਹਾਡੇ ਪਰਿਵਾਰ ਦੇ ਹਾਲਾਤਾਂ ਅਤੇ ਮਾਪਿਆਂ ਦੇ ਆਪਸੀ ਸੰਬੰਧਾਂ 'ਤੇ ਨਿਰਭਰ ਕਰੇਗਾ। ਬੱਚੇ ਦੀ ਸਰਬੋਤਮ ਦੇਖਭਾਲ ਲਈ ਕਾਰਜ ਕਰਨਾ ਮਾਪਿਆਂ ਦੀ ਜ਼ਿੰਮੇਵਾਰੀ ਹੈ। ਇਸਦਾ ਅਰਥ ਇਹ ਵੀ ਹੈ ਕਿ ਪਾਲਣ ਪੋਸ਼ਣ ਦੇ ਕਿਸੇ ਵੀ ਇੰਤਜ਼ਾਮ ਵਿੱਚ ਬੱਚੇ ਤੇ ਧਿਆਨ ਕੇਂਦ੍ਰਤ ਕਰਨਾ ਹੁੰਦਾ ਹੈ,ਜਿਸ ਵਿੱਚ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਉਹ ਕਿਸੇ ਵੀ ਨੁਕਸਾਨ ਤੋਂ ਸੁਰੱਖਿਅਤ ਹਨ।

ਹਮੀਦਾ ਨੂੰ ਅਦਾਲਤ ਦੇ ਆਦੇਸ਼ ਹਨ ਜਿਸ ਅਨੁਸਾਰ ਉਸ ਦੇ ਦੋਵੇਂ ਬੱਚੇ ਉਸ ਨਾਲ ਰਹਿੰਦੇ ਹਨ ਅਤੇ ਹਰ ਸਕੂਲ ਦੀਆਂ ਛੁੱਟੀਆਂ ਵਿਚ ਇਕ ਹਫ਼ਤੇ ਲਈ ਆਪਣੇ ਪਿਤਾ ਨਾਲ ਰਹਿਣ ਲਈ ਜਾਂਦੇ ਹਨ। ਕਿਉਂਕਿ ਪਿਤਾ ਤਸਮਾਨੀਆ ਵਿੱਚ ਰਹਿੰਦਾ ਹੈ, ਇਸ ਵੇਲੇ ਕੋਵੀਡ -19 ਪਾਬੰਦੀਆਂ ਕਾਰਨ ਬੱਚਿਆਂ ਲਈ ਉਥੇ ਯਾਤਰਾ ਕਰਨਾ ਸੰਭਵ ਨਹੀਂ ਹੈ।

ਹਮੀਦਾ ਅਤੇ ਬੱਚਿਆਂ ਦਾ ਪਿਤਾ ਈਮੇਲ ਦੁਆਰਾ ਸਹਿਮਤ ਹਨ ਕਿ ਤਸਮਾਨੀਆ ਵਿੱਚ ਸਕੂਲ ਛੁੱਟੀਆਂ ਦਾ ਸਮਾਂ ਮੁਅੱਤਲ ਕੀਤਾ ਜਾਂਦਾ ਹੈ, ਜਦੋਂ ਤੱਕ ਕਿ ਯਾਤਰਾ ਪਾਬੰਦੀਆਂ ਰਹਿਣੀਆਂ ਅਤੇ ਇਹ ਖੁੰਝਿਆ ਸਮਾਂ ਉਦੋਂ ਵਧਾ/ਪੂਰਾ ਦਿੱਤਾ ਜਾਵੇਗਾ ਜਦੋਂ ਬੱਚਿਆਂ ਲਈ ਤਸਮਾਨੀਆ ਦੁਬਾਰਾ ਯਾਤਰਾ ਕਰਨਾ ਸੰਭਵ ਅਤੇ ਸੁਰੱਖਿਅਤ ਹੋਏਗਾ। ਇਸ ਦੌਰਾਨ, ਉਹ ਸਹਿਮਤ ਹਨ ਕਿ ਬੱਚੇ ਆਪਣੇ ਪਿਤਾ ਨਾਲ ਵਧੇਰੇ ਨਿਯਮਤ ਫੋਨ ਦੁਆਰਾ ਸੰਪਰਕ ਵਿੱਚ ਰਹਿਣਗੇ।

ਜੇ ਮੇਰੇ ਕੋਲ ਫੈਮਲੀ ਲਾਅ ਕੋਰਟ ਦੇ ਆਦੇਸ਼ ਹਨ, ਤਾਂ ਕੀ ਮੈਨੂੰ ਉਨ੍ਹਾਂ ਦੀ ਪਾਲਣਾ ਕਰਣੀ ਹੀ ਪਵੇਗੀ?

ਤੁਹਾਨੂੰ ਆਪਣੇ ਅਦਾਲਤੀ ਆਦੇਸ਼ਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ ਜਦੋਂ ਤੱਕ ਤੁਹਾਡੇ ਕੋਲ ਅਜਿਹਾ ਕਰਨ ਦਾ ਵਾਜਬ ਕਾਰਣ ਨਹੀਂ ਹੈ। ਜੇ ਤੁਸੀਂ ਆਪਣੇ ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ, ਤਾਂ ਦੂਸਰੇ ਮਾਪੇ ਜਾਂ ਦੇਖਭਾਲ ਕਰਨ ਵਾਲੇ ਇਸ ਮਾਮਲੇ ਨੂੰ ਅਦਾਲਤ ਵਿੱਚ ਵਾਪਸ ਲੈ ਸਕਦੇ ਹਨ। ਅਦਾਲਤ ਫਿਰ ਫੈਸਲਾ ਕਰੇਗੀ ਕਿ ਤੁਹਾਡਾ ਕਾਰਣ ਵਾਜਬ ਹੈ ਜਾਂ ਨਹੀਂ।
ਜੇ ਅਦਾਲਤ ਇਹ ਫੈਸਲਾ ਕਰਦੀ ਹੈ ਕਿ ਤੁਹਾਡੇ ਅਦਾਲਤੀ ਆਦੇਸ਼ਾਂ ਦੀ ਪਾਲਣਾ ਨਾ ਕਰਨ ਦਾ ਤੁਹਾਡਾ ਕਾਰਣ ਵਾਜਬ ਨਹੀਂ ਸੀ, ਤਾਂ ਅਦਾਲਤ ਇਹ ਕਰ ਸਕਦੀ ਹੈ:

- ਇਹ ਲਾਜ਼ਮੀ ਕਰੇ ਕਿ ਬੱਚਿਆਂ ਦਾ ਖੁੰਝਿਆ ਸਮਾਂ ਦੂਸਰੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਦੇ ਨਾਲ ਵਧਾ ਕੇ ਪੂਰਾ ਕੀਤਾ ਜਾਵੇ;
- ਇਸ ਮਾਮਲੇ ਵਿਚ ਅਦਾਲਤ ਨਵੇਂ ਆਦੇਸ਼ ਦੇ ਦੇਵੇ; ਜਾਂ
- ਇਸ ਦੇ ਹੋਰ ਗੰਭੀਰ ਨਤੀਜੇ ਹੋ ਸਕਦੇ ਹਨ, ਜਿਵੇਂ ਕਿ ਦੂਸਰੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਦੀਆਂ ਕਾਨੂੰਨੀ ਖਰਚਿਆਂ ਦਾ ਭੁਗਤਾਨ ਕਰਨਾ, ਜ਼ੁਰਮਾਨਾ ਦਿੱਤਾ ਜਾਣਾ, ਜਾਂ ਇੱਥੋਂ ਤਕ ਕਿ ਇਕ ਅਪਰਾਧਿਕ ਅਪਰਾਧ ਦਾ ਦੋਸ਼ੀ ਕਰਾਰ ਦੇਣਾ।

ਜੇ ਕੋਵਿਡ -19 ਪਾਬੰਦੀਆਂ ਕਾਰਨ ਤੁਹਾਡੇ ਲਈ ਫੈਮਲੀ ਲਾਅ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਨਾ ਉਚਿਤ ਨਹੀਂ ਹੈ, ਤਾਂ ਤੁਸੀਂ ਆਦੇਸ਼ਾਂ ਦੇ ਵਿੱਚ ਬਦਲਾਅ ਬਾਰੇ ਗੱਲਬਾਤ ਕਰ ਸਕਦੇ ਹੋ। ਦੇਖੋ ਅਗਲੇ ਪੰਨੇ 'ਤੇ' "ਮੈਂ ਆਦੇਸ਼ਾਂ ਦੇ ਵਿੱਚ ਬਦਲਾਅ ਬਾਰੇ ਗੱਲਬਾਤ ਕਿਵੇਂ ਕਰ ਸਕਦਾ / ਸਕਦੀ ਹਾਂ?"

ਜੇ ਬੱਚੇ ਜਾਂ ਬੱਚਿਆਂ ਲਈ ਦੋਵਾਂ ਮਾਪਿਆਂ ਦੇ ਨਾਲ ਰਹਿਣ ਦਾ ਪ੍ਰਬੰਧ ਹੈ ਤਾਂ ਮੈਨੂੰ ਅਜੇ ਵੀ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ ਭਾਵੇਂ ਲੋਕਾਂ ਨੂੰ ਆਪਣਾ ਘਰ ਛੱਡਣ ਦੀ ਆਗਿਆ ਸਿਰਫ ਜ਼ਰੂਰੀ ਸਪਲਾਈ ਦੀ ਖਰੀਦਦਾਰੀ, ਡਾਕਟਰੀ ਦੇਖਭਾਲ,ਕਸਰਤ ਅਤੇ ਕੰਮ ਅਤੇ ਸਿੱਖਿਆ ਲਈ ਹੈ?

ਸਭ ਸਾਂਝੇ ਜੀਵਨ-ਨਿਰਮਾਣ ਪ੍ਰਬੰਧ, ਭਾਵੇਂ ਗੈਰ ਰਸਮੀ ਜਾਂ ਅਦਾਲਤ ਦੁਆਰਾ ਦਿੱਤੇ ਗਏ ਆਦੇਸ਼ ਆਮ ਵਾਂਗ ਜਾਰੀ ਰਹਿ ਸਕਦੇ ਹਨ।

ਤੁਹਾਨੂੰ ਇਕ ਮਾਪਿਆਂ ਦੇ ਘਰ ਤੋਂ ਦੂਜੇ ਮਾਪਿਆਂ ਦੇ ਘਰ ਬੱਚਿਆਂ ਨੂੰ ਲੈਣ ਲਈ ਜਾਂ ਘਰ ਛੱਡਣ ਦੀ ਆਗਿਆ ਹੈ।

NORTHERN COMMUNITY LEGAL CENTRE

FAMILY RELATIONSHIP CENTRE
HELPING FAMILIES BUILD BETTER RELATIONSHIPS

ਸੁਰਜੀਤ ਅਤੇ ਉਸਦੀ ਸਾਬਕਾ ਪਤਨੀ ਦਾ ਇੱਕ ਗੈਰ ਰਸਮੀ ਸਮਝੌਤਾ ਹੋਇਆ ਹੈ ਕਿ ਉਨ੍ਹਾਂ ਦਾ ਬੱਚਾ ਹਫਤਾਵਾਰ ਦੇ ਅਧਾਰ ਤੇ ਦੋਨਾਂ ਵਿੱਚੋਂ ਇਕ ਮਾਪੇ ਨਾਲ ਰਹਿੰਦਾ ਹੈ। ਤਬਦੀਲੀ ਆਮ ਤੌਰ 'ਤੇ ਬੱਚੇ ਦੇ ਸਕੂਲ' ਤੇ ਹੁੰਦੀ ਹੈ, ਪਰ ਉਨ੍ਹਾਂ ਦਾ ਬੱਚਾ ਹੁਣ ਘਰ ਤੋਂ ਰਿਮੋਟ ਸਕੂਲ ਕਰ ਰਿਹਾ ਹੈ। ਉਹ ਟੈਕਸਟ ਸੰਦੇਸ਼ ਦੁਆਰਾ ਸਹਿਮਤ ਹਨ ਕਿ ਉਹ ਸਹਿਮਤ ਹਫਤਾਵਾਰੀ ਬੱਚੇ ਦਾ ਹੈਂਡਓਵਰ ਉਨ੍ਹਾਂ ਦੇ ਘਰਾਂ ਦੇ ਵਿਚਕਾਰ ਮੈਕਡੋਨਲਡ ਦੇ ਕਾਰ ਪਾਰਕ ਵਿਚ ਕਰਨ।

ਜੇ ਮੇਰੇ ਕੋਲ ਫੈਮਲੀ ਕੋਰਟ ਦੇ ਆਦੇਸ਼ ਨਾ ਹੋਣ?

ਜੇ ਤੁਹਾਡੇ ਕੋਲ ਬੱਚਿਆਂ ਬਾਰੇ ਫੈਮਲੀ ਕੋਰਟ ਦੇ ਕਾਨੂੰਨੀ ਆਦੇਸ਼ ਨਹੀਂ ਹਨ, ਤਾਂ ਤੁਹਾਡੇ ਕੋਲ ਪਾਲਣ ਪੋਸ਼ਣ ਪ੍ਰਬੰਧਾਂ ਦਾ ਮੌਜੂਦਾ ਸਮਝੌਤਾ ਹੋ ਸਕਦਾ ਹੈ, ਜੋ ਕਿ ਦੂਜੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਨਾਲ ਜ਼ੁਬਾਨੀ ਜਾਂ ਲਿਖਤੀ ਤੌਰ ਤੇ ਕੀਤਾ ਹੋ ਸਕਦਾ ਹੈ। ਤੁਹਾਨੂੰ ਕਿਸੇ ਵੀ ਮੌਜੂਦਾ ਸਮਝੌਤੇ ਦੀ ਪਾਲਣਾ ਕਰਨੀ ਚਾਹੀਦੀ ਹੈ, ਜਦੋਂ ਤੱਕ ਤੁਹਾਡੇ ਕੋਲ ਅਜਿਹਾ ਕਰਨ ਦਾ ਵਾਜਬ ਕਾਰਣ ਨਾ ਹੋਵੇ।

ਜੇ ਕਿਸੇ ਮੌਜੂਦਾ ਪ੍ਰਬੰਧ ਦੀ ਪਾਲਣਾ ਕਰਨਾ ਉਚਿਤ ਨਹੀਂ ਹੈ, ਤਾਂ ਤੁਸੀਂ ਮੌਜੂਦਾ ਸਮਝੌਤੇ ਵਿੱਚ ਬਦਲਾਅ ਬਾਰੇ ਗੱਲਬਾਤ ਕਰ ਸਕਦੇ ਹੋ। ਹੇਠਾਂ ਵੇਖੋ "ਮੈਂ ਕਿਸ ਤਰ੍ਹਾਂ ਬਦਲਾਅ ਬਾਰੇ ਗੱਲ ਕਰ ਸਕਦਾ\ਸਕਦੀ ਹਾਂ?"

ਜੇ ਤੁਹਾਨੂੰ ਇਸ ਗੱਲ ਦੀ ਚਿੰਤਾ ਹੈ ਕਿ ਤੁਸੀਂ ਆਪਣੇ ਫੈਮਲੀ ਕੋਰਟ ਦੇ ਕਾਨੂੰਨੀ ਆਦੇਸ਼ਾਂ ਜਾਂ ਪਾਲਣ ਪੋਸ਼ਣ ਪ੍ਰਬੰਧਾਂ ਦਾ ਮੌਜੂਦਾ ਸਮਝੌਤਾ ਦੀ ਪਾਲਣਾ ਨਹੀਂ ਕਰ ਸਕਦੇ ਤਾਂ ਤੁਹਾਨੂੰ ਤੁਰੰਤ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਕੀ ਅਸੀਂ ਹੈਂਡਓਵਰ ਪ੍ਰਬੰਧਾਂ ਨੂੰ ਬਦਲ ਸਕਦੇ ਹਾਂ?

ਜੇ ਤੁਹਾਡੇ ਬੱਚਿਆਂ ਦੇ ਹੈਂਡਓਵਰ ਕਿਸੇ ਅਜਿਹੀ ਜਗ੍ਹਾ 'ਤੇ ਹੁੰਦਾ ਹੈ ਜੋ ਹੁਣ ਢੁੱਕਵਾਂ ਜਾਂ ਵਿਹਾਰਕ ਨਹੀਂ ਹੈ (ਉਦਾਹਰਣ ਲਈ ਸਕੂਲ ਜਾਂ ਡੇਅ ਕੇਅਰ 'ਤੇ), ਤਾਂ ਹੋ ਸਕਦਾ ਹੈ ਕਿ ਨਵਾਂ ਹੈਂਡਓਵਰ ਸਥਾਨ ਲੱਭਣਾ ਢੁੱਕਵਾਂ ਹੋਵੇ। ਜੇ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਤੁਸੀਂ ਨਵੀਂ ਹੈਂਡਓਵਰ ਸਥਾਨ ਦੇ ਲਈ ਬਦਲਾਅ ਲਈ ਗੱਲਬਾਤ ਕਰ ਸਕਦੇ ਹੋ।

ਮੈਂ ਬੱਚਿਆਂ ਦੇ ਪਾਲਣ ਪੋਸ਼ਣ ਦੇ ਪ੍ਰਬੰਧਾਂ ਵਿਚ ਤਬਦੀਲੀ ਕਿਵੇਂ ਕਰ ਸਕਦਾ/ ਸਕਦੀ ਹਾਂ?

ਜੇ ਤੁਹਾਡੇ ਲਈ ਅਜਿਹਾ ਕਰਨਾ ਸੁਰੱਖਿਅਤ ਹੈ, ਤਾਂ ਤੁਸੀਂ ਆਪਣੇ ਮੌਜੂਦਾ ਪਾਲਣ-ਪੋਸ਼ਣ ਦੇ ਪ੍ਰਬੰਧਾਂ ਲਈ ਦੂਸਰੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਨਾਲ ਸਿੱਧਾ ਗੱਲਬਾਤ ਕਰ ਸਕਦੇ ਹੋ।

ਜੇ ਤੁਸੀਂ ਕਿਸੇ ਸਮਝੌਤੇ 'ਤੇ ਪਹੁੰਚਣ ਦੇ ਯੋਗ ਹੋ, ਤਾਂ ਤੁਹਾਨੂੰ ਇਸ ਨੂੰ ਲਿਖਤੀ ਤੌਰ 'ਤੇ ਕਰਨਾ ਚਾਹੀਦਾ ਹੈ (ਇਹ ਟੈਕਸਟ ਸੁਨੇਹੇ ਜਾਂ ਈਮੇਲ ਦੁਆਰਾ ਵੀ ਹੋ ਸਕਦਾ ਹੈ), ਕਿਉਂਕਿ ਇਹ ਭਵਿੱਖ ਦੀਆਂ ਕਿਸੇ ਵੀ ਅਦਾਲਤੀ ਕਾਰਵਾਈ ਵਿਚ ਤੁਹਾਡੀ ਮੱਦਦ ਕਰ ਸਕਦਾ ਹੈ।

ਤੁਹਾਨੂੰ ਇਕ ਸਮਝੌਤੇ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਬਾਰੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਹਾਡੇਬੱਚਿਆਂ ਦਾ ਹਿੱਤ ਹੈ।

NORTHERN COMMUNITY LEGAL CENTRE

FAMILY RELATIONSHIP CENTRE
HELPING FAMILIES BUILD BETTER RELATIONSHIPS

ਜੇ ਅਸੀਂ ਕਿਸੇ ਬਦਲਾਅ ਲਈ ਸਹਿਮਤ ਨਹੀਂ ਹੋ ਸਕਦੇ, ਜਾਂ ਜੇ ਮੇਰੇ ਲਈ ਦੂਜੇ ਮਾਪਿਆਂ ਨਾਲ ਸੰਪਰਕ ਕਰਨਾ ਸੁਰੱਖਿਅਤ ਨਹੀਂ ਹੈ?

ਜੇ ਤੁਸੀਂ ਦੂਸਰੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਨਾਲ ਸਮਝੌਤੇ 'ਤੇ ਨਹੀਂ ਆ ਸਕਦੇ, ਜਾਂ ਜੇ ਉਨ੍ਹਾਂ ਨਾਲ ਸੰਪਰਕ ਕਰਨਾ ਤੁਹਾਡੇ ਲਈ ਸੁਰੱਖਿਅਤ ਨਹੀਂ ਹੈ, ਤਾਂ ਤੁਸੀਂ ਪਰਿਵਾਰਕ ਝਗੜਾ ਨਿਪਟਾਰਾ ਸੇਵਾ, ਜਿਵੇਂ ਕਿ ਫੈਮਿਲੀ ਰਿਲੈਸ਼ਸ਼ਨਸ਼ਿਪ ਸੈਂਟਰ ਦੁਆਰਾ ਵਿਚੋਲਗੀ ਕਰਕੇ ਕਿਸੇ ਸਮਝੌਤੇ' ਤੇ ਪਹੁੰਚਣ ਦੀ ਕੋਸ਼ਿਸ਼ ਕਰ ਸਕਦੇ ਹੋ।

ਤੁਹਾਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਜੇ ਤੁਸੀਂ ਦੂਸਰੇ ਮਾਪਿਆਂ ਜਾਂ ਦੇਖਭਾਲ ਕਰਨ ਵਾਲੇ ਨਾਲ ਕਿਸੇ ਸਮਝੌਤੇ 'ਤੇ ਨਹੀਂ ਆ ਸਕੇ।

ਜੇ ਤੁਹਾਡੇ ਲਈ ਵਿਚੋਲਗੀ ਕਰਨਾ ਸੁਰੱਖਿਅਤ ਨਹੀਂ ਹੈ, ਜਾਂ ਜੇ ਤੁਸੀਂ ਵਿਚੋਲਗੀ ਰਾਹੀਂ ਸਮਝੌਤੇ 'ਤੇ ਨਹੀਂ ਆ ਸਕਦੇ, ਤਾਂ ਤੁਸੀਂ ਅਦਾਲਤ ਦੁਆਰਾ ਕੋਈ ਫੈਸਲਾ ਲੈਣ ਲਈ ਅਦਾਲਤ ਵਿਚ ਅਰਜ਼ੀ ਦੇ ਸਕਦੇ ਹੋ, ਹਾਲਾਂਕਿ ਕਈ ਕੇਸਾਂ ਮੁੱਕਦਮਿਆਂ ਵਿਚ ਅਦਾਲਤਾਂ ਮਹਿੰਗੀਆਂ, ਤਣਾਅ ਵਾਲੀਆਂ ਅਤੇ ਬੇਲੋੜੀਆਂ ਹੁੰਦੀਆਂ ਹਨ।

ਅਜ਼ਰਾ ਦੇ ਬੱਚੇ ਹਰ ਸਮੇਂ ਉਸਦੇ ਨਾਲ ਰਹਿੰਦੇ ਹਨ, ਅਤੇ ਉਹ ਆਪਣੇ ਪਿਤਾ ਨੂੰ ਜਦੋਂ ਉਹ ਕਸਬੇ ਵਿੱਚ ਹੁੰਦਾ ਹੈ ਉਦੋਂ ਮਿਲਦੇ ਹਨ। ਕਿਉਂਕਿ ਉਹ ਕੰਮ ਲਈ ਬਹੁਤ ਯਾਤਰਾ ਕਰਦਾ ਹੈ, ਅਜ਼ਰਾ ਨੂੰ ਚਿੰਤਾ ਹੈ ਕਿ ਬੱਚਿਆਂ ਨਾਲ ਉਸਦੇ ਪ੍ਰਸਤਾਵਿਤ ਪ੍ਰਬੰਧਨ ਸਮਾਂ ਕੋਵਿਡ -19 ਦੇ ਵੱਧ ਰਹੇ ਜੋਖਮ ਕਾਰਨ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੈ,ਹਾਲਾਂਕਿ ਉਹ ਉਸ ਨੂੰ ਇਨਕਾਰ ਕਰਨ ਵਿੱਚ ਸੁਰੱਖਿਅਤ ਨਹੀਂ ਮਹਿਸੂਸ ਕਰਦੀ।

ਉਸ ਨੂੰ ਆਪਣੇ ਵਿਕਲਪਾਂ ਬਾਰੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ, ਜਿਸ ਵਿੱਚ ਲੋੜੀਦਾਂ ਸੁਰੱਖਿਆ ਉਪਾਵਾਂ ਦੇ ਨਾਲ ਫੈਮਿਲੀ ਰਿਲੈਸ਼ਸ਼ਨਸ਼ਿਪ ਸੈਂਟਰ ਦੁਆਰਾ ਵਿਚੋਲਗੀ ਕਰਨਾ ਸ਼ਾਮਲ ਹੋ ਸਕਦਾ ਹੈ।

ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਨੌਰਦਨ ਕਮਿਊਨਿਟੀ ਲੀਗਲ ਸੈਂਟਰ:
northernclc.org.au/covid-19-facts-and-info
ਵਿਕਟੋਰੀਆ ਲੀਗਲ ਏਡ: legalaid.vic.gov.au/find-legal-answers/covid-19-coronavirus/parenting-issues
ਫੈਮਿਲੀ ਰਿਲੈਸ਼ਸ਼ਨਸ਼ਿਪ ਸੈਂਟਰ:
familyrelationships.gov.au/covid-19
ਫੈਡਰਲ ਸਰਕਟ ਕੋਰਟ ਆਸਟ੍ਰੇਲੀਆ:
federalcircuitcourt.gov.au/wps/wcm/connect/fccweb/about/news/covid-info-parents

ਮੈਨੂੰ ਹੋਰ ਸਹਾਇਤਾ ਕਿੱਥੋਂ ਮਿਲ ਸਕਦੀ ਹੈ?

ਫੈਮਿਲੀ ਰਿਲੈਸ਼ਸ਼ਨਸ਼ਿਪ ਸੈਂਟਰ: 1800 050 321
ਬ੍ਰੌਡਮੀਡੋਜ਼ ਫੈਮਿਲੀ ਰਿਲੈਸ਼ਸ਼ਨਸ਼ਿਪ ਸੈਂਟਰ: 9351 3700
familyrelationships.gov.au/talk-someone/centres
1800RESPECT (ਪਰਿਵਾਰਕ\ਘਰੇਲੂ ਹਿੰਸਾ ਦੀ ਸਲਾਹ ਅਤੇ ਜਾਣਕਾਰੀ) 1800 737 732
1800respect.org.au

ਮੁਫਤ ਕਾਨੂੰਨੀ ਸਲਾਹ ਲਵੋ

ਨੌਰਦਨ ਕਮਿਊਨਿਟੀ ਲੀਗਲ ਸੈਂਟਰ
(03) 9310 4376
admin@northernclc.org.au
ਵਿਕਟੋਰੀਆ ਲੀਗਲ ਏਡ: – 1300 792 387

ਇਹ ਦਸਤਾਵੇਜ਼ ਕਾਨੂੰਨੀ ਸਲਾਹ ਨਹੀਂ ਹੈ। ਇਹ ਜਾਣਕਾਰੀ 20 ਅਪ੍ਰੈਲ 2020 ਤੱਕ ਸਹੀ ਹੈ, ਹਾਲਾਂਕਿ ਇਸ ਮਿਆਦ ਦੇ ਦੌਰਾਨ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ, ਇਸ ਲਈ ਤੁਹਾਨੂੰ ਇਸ ਜਾਣਕਾਰੀ ਦੇ ਅਧਾਰ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

NORTHERN COMMUNITY LEGAL CENTRE

FAMILY RELATIONSHIP CENTRE
HELPING FAMILIES BUILD BETTER RELATIONSHIPS